# ਲੋਕ ਵਿਸ਼ਵਾਸ਼

- ਵਹਿਮ ਭਰਮ ਲਕੋ ਵਿਸ਼ਵਾਸਾਂ ਦਾ ਹੀ ਇਕ ਅੰਸ਼ ਹੈ। ਪੰਜਾਬ ਦੇ ਲੋਕਾਂ ਵਿੱਚ ਆਦਿ ਕਾਲ ਤੋਂ ਹੀ ਲੋਕ ਵਿਸ਼ਵਾਸਾਂ ਨਾਲ ਜੁੜੇ ਹੋਣ ਦੀ ਧਾਰਨਾ ਰਹੀ ਹੈ। ਪੰਜਾਬੀ ਲੋਕਾਂ ਨੇ ਵਹਿਮਾਂ ਭਰਮਾਂ ਨੂੰ ਆਪਣੇ ਸਮਾਜ ਵਿੱਚ ਖਾਸ ਥਾਂ ਦਿੱਤੀ ਹੋਈ ਹੈ। ਪੰਜਾਬੀ ਸਮਾਜ ਵਿੱਚ ਆਦਿ ਕਾਲ ਤੋਂ ਕਈ ਲਕੋ ਵਿਸ਼ਵਾਸ ਜਿਵੇਂ ਕੁੱਤੇ ਦੇ ਕੰਨ ਮਾਰਨੇ, ਛਿੱਕ ਮਾਰਨੀ, ਪਿੱਛੋਂ ਹਾਕ ਮਾਰਨੀ, ਪਿੰਡ ਦਾ ਨੰਬਰਦਾਰ ਮੱਥੇ ਲੱਗਣਾ ਆਦਿ ਸਾਰੇ ਅਪਸ਼ਗਨ ਮੰਨੇ ਗਏ ਹਨ।

ਲੋਕਾਂ ਦੇ ਮਨਾਂ ਵਿੱਚ ਪ੍ਰਚਲਿਤ ਤਰ੍ਹਾਂ-ਤਰ੍ਹਾਂ ਦੇ ਲੋਕ ਵਿਸ਼ਵਾਸਾਂ ਸੰਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ:-

- ਭੂਤਾਂ ਪ੍ਰੇਤਾਂ ਬਾਰੇ ਵਿਸ਼ਵਾਸ
- ਦਿਨਾਂ ਬਾਰੇ ਵਿਸ਼ਵਾਸ
- ਡੰਗਰਾਂ ਬਾਰੇ ਵਿਸ਼ਵਾਸ
- ਕੁਦਰਤੀ ਆਫਤਾਂ ਬਾਰੇ ਵਿਸ਼ਵਾਸ
- ਬਿਮਾਰੀਆਂ ਨਾਲ ਸੰਬੰਧਤ ਵਿਸ਼ਵਾਸ

# ਭੂਤਾਂ ਪ੍ਰੇਤਾਂ ਬਾਰੇ ਵਿਸ਼ਵਾਸ

- ,,,,ਜੇ ਕੋਈ ਵੀ ਬੰਦਾ ਜੇ ਕੁਮੌਤ ਮਰੇ ਤਾਂ ਉਸਦੀ ਸੁਰਤ ਇੱਥੇ ਹੀ ਰਹਿ ਜਾਂਦੀ ਹੈ। ਉਸ ਸੰਬੰਧ ਵਿੱਚ ਜਿੰਨਾ ਚਿਰ ,,ਪਹੋਏ' ਦੇ ਤੀਰਥ ਜਾ ਕੇ ਗਤੀ ਨਾ ਕਰਵਾਈ ਜਾਵੇ, ਉਨੀ ਦੇਰ ਤੱਕ ਓਹ ਪ੍ਰੇਤ ਦੀ ਜੂਨ ਭੋਗਦਾ ਹੈ। ਨਾਲ ਹੀ ਜੇ ਕੋਈ ਇਸਤਰੀ ਜਣੇਪੇ ਵਿੱਚ ਮਰ ਜਾਵੇ ਤਾਂ ਕੁਚੀਲ ਕਿਹਾ ਜਾਂਦਾ ਸੀ ਤੇ ਉਹ ਚੁੜੇਲ਼ ਬਣ ਜਾਂਦੀ ਹੈ। ਇਸ ਤਰ੍ਹਾਂ ਦੀ ਇਸਤਰੀ ਦਾ ਪਰਛਾਵਾਂ ਜੇ ਗਰਭਵਤੀ ਔਰਤ ਤੇ ਜਾਂ ਇਕ ਸਾਲ ਤੋਂ ਘੱਟ ਬੱਚੇ ਤੇ ਪੈ ਜਾਵੇ ਤਾਂ ਮਾੜਾ ਗਿਣਿਆ ਜਾਂਦਾ ਸੀ। ਇਸ ਸੰਦਰਭ ਵਿੱਚ ਬੱਚੇ ਦੇ ਪੈਦਾ ਹੋਣ ਸਮੇਂ ਹੀ ਔਰਤ ਦੇ ਮੰਜੇ ਹੇਠ, ਦਦੰਲ ਦਾਤੀ, ਲੋਹੇ ਦਾ ਜਿੰਦਾ ਮੰਤਰ ਪੜ੍ਹਾ ਕੇ ਪਾਣੀ ਦਾ ਕੁੱਜਾ, ਠੀਕਰੇ ਵਿੱਚ ਧੁਖਦੇ ਹਾਰਿਆਂ ਵਾਲੀ ਗੁਗਲ ਦੀ ਧੂਣੀ ਆਦਿ ਵਸਤਾਂ ਦਾ ਉਪਯੋਗ ਚੁੜੇਲਾਂ ਤੋਂ ਬਚਾਉਣ ਲਈ ਕੀਤਾ ਜਾਂਦਾ ਸੀ। ''43 ਜੋ ਅਜੋਕੇ ਸਮੇਂ ਵਿੱਚ ਵੀ ਪਿੰਡਾਂ ਦੀਆਂ ਬਜ਼ੁਰਗ ਔਰਤਾਂ ਇਨ੍ਹਾਂ ਵਿਸ਼ਵਾਸਾਂ ਤੋਂ ਜਾਣੂ ਕਰਵਾ ਕੇ, ਇਹ ਵਸਤਾਂ ਦਾ ਪ੍ਰਯੋਗ ਕਰਵਾਉਂਦੀਆਂ ਰਹਿੰਦੀਆਂ ਹਨ।
-

# ਦਿਨਾਂ ਬਾਰੇ ਵਿਸ਼ਵਾਸ

- ਕਾਨੂੰਨ ਮੁਤਾਬਿਕ ਐਤਵਾਰ ਹਫ਼ਤੇ ਦਾ ਪਹਿਲਾ ਦਿਨ ਹੋਣ ਕਰਕੇ ਇਸ ਦਿਨ ਛੁੱਟੀ ਹੁੰਦੀ ਹੈ। ,,,,ਪਰ ਪੰਜਾਬ ਦੇ ਬਾਣੀਏ ਇਸ ਦਿਨ ਹੱਟੀਆਂ ਦੀਆਂ ਚੌਕੜੀਆਂ ਉੱਤੇ ਪੋਚਾ ਫੇਰਦੇ ਹਨ ਕਿ ਹਫ਼ਤਾ ਭਰ ਗਾਹਕੀ ਚੰਗੀ ਪੈਂਦੀ ਰਹਿੰਦੀ ਹੈ। ਇਸ ਨੂੰ ਗੁਰੂਵਾਰ ਮੰਨਦੇ ਹਨ। ਐਤਵਾਰ ਬਾਰੇ ਕਿਹਾ ਜਾਂਦਾ ਹੈ ਐਤਵਾਰ ਜਾਣੀਏ, ਹੱਟਾਂ ਲਿੱਪਣ ਬਾਣੀਏ।

- ਸੋਮਵਾਰ ਚੰਗਾ ਸ਼ੁਭ ਦਿਨ ਮੰਨਿਆ ਜਾਂਦਾ ਹੈ। ਸੋਮਵਾਰੀ ਮੱਸਿਆ ਤੇ ਜੇ ਕਿਧਰੇ ਚੇਤ ਜਾਂ ਭਾਦਰੋਂ ਦੀ ਹੋਵੇ ਤਾਂ ਤੀਰਥ ਸਥਾਨਾਂ ਉੱਤੇ ਭੀੜਾਂ ਦੇਖਣ ਨੂੰ ਮਿਲਦੀਆਂ ਹਨ। ਵਿਸ਼ਵਾਸ ਬਣਿਆ ਹੈ ਕਿ ਇਸ ਦਿਨ ਦੀ ਮੱਸਿਆ ਤੇ ਮਨ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਇਸ ਦਿਨ ਮੰਜਾ ਬੁਣਨ ਦੀ ਨੀਂਹ ਰੱਖਣਾ ਵੀ ਸ਼ਭੁ ਮੰਨਿਆ ਗਿਆ ਹੈ :- ਜੇ ਸੁੱਖ ਸੁੱਤਾ ਲੋੜ ਦੈਂ, ਮੰਜੀ ਉਣੀ ਸੋਮਵਾਰ।

- ਮੰਗਲਵਾਰ ਕੁਝ ਮਾੜਾ ਦਿਨ ਮੰਨਿਆ ਜਾਂਦਾ ਹੈ। ਜੇ ਕਿਸੇ ਦਾ ਸਿਰ ਦੁੱਖਦਾ ਹੋਵੇ ਤਾਂ ਇਹ ਵਿਸ਼ਵਾਸ ਬਣਾਇਆ ਗਿਆ ਹੈ ਕਿ ਜਰੂਰ ਇਹ ਮੰਗਲਵਾਰ ਨੂੰ ਹੀ ਸਿਰ ਨਾਤਾ ਹੋਣਾ। ਮੰਗਲਵਾਰ ਨੂੰ ਹਨਮੂਾਨ ਦਾ ਦਿਨ ਸਮਝਿਆ ਜਾਂਦਾ ਹੈ। ਇਸ ਦਿਨ ਮੀਟ, ਸ਼ਰਾਬ ਖਾਣਾ ਪੀਣਾ ਬਹੁਤ ਮਾੜਾ ਗਿਣਿਆ ਜਾਂਦਾ ਹੈ। ,,,,ਇਸ ਦਿਨ ਘਰ ਦੀ ਨੀਂਹ ਧਰਨੀ ਚੰਗੀ ਮਨੀ ਗਈ ਹੈ। ਮੰਗਲਵਾਰ ਤੇ ਬੁੱਧਵਾਰ ਨੂੰ ਪਹਾੜ ਵੱਲ ਜਾਣਾ ਕੁ-ਸ਼ਗਨ ਮੰਨਿਆ ਗਿਆ ਹੈ :-
- ਮੰਗਲ ਬੁੱਧ ਨਾ ਜਾਈਏ ਪਹਾੜ, ਜਿੱਤੀ ਬਾਜੀ ਆਈਏ ਹਾਰ।

- ਬੁੱਧਵਾਰ ਨੂੰ ਹਰਕੇ ਕਮੰ ਲਈ ਸ਼ੁੱਧ ਮੰਨਿਆ ਜਾਂਦਾ ਹੈ। ਪਰੰਤੂ ਮਰਗਤ ਦਾ ਭੋਗ ਬੁੱਧਵਾਰ ਨੂੰ ਨਹੀਂ ਪਾਇਆ ਜਾਂਦਾ।

- ਬੁੱਧ ਪਿੱਛੋਂ ਵੀਰਵਾਰ ਦਿਨ ਮਾੜਾ ਦਿਨ ਆ ਜਾਂਦਾ ਹੈ। ਵਿਸ਼ਵਾਸ ਬਣਿਆ ਹੈ ਕਿ ਵੀਰਵਾਰ ਨੂੰ ਰਿਸ਼ਤੇਦਾਰੀ ਵਿੱਚ ਜਾਣਾ ਵੀ ਚੰਗਾ ਨਹੀਂ ਸਮਝਿਆ ਜਾਂਦਾ।
- ,,,,ਵੀਰਵਾਰ ਨਾ ਜਾਈਏ ਲੰਮੇ
- ਚਾਹੇ ਘਰ ਬਹੀਏ ਨਿਕਮੇਂ।
-

- ,,,,ਸ਼ੁੱਕਰਵਾਰ ਦਿਨ ਸੰਬੰਧੀ ਇਹ ਵਿਚਾਰ ਹੈ ਕਿ ਇਹ ਦਿਨ ਮੁਸਲਿਮ ਧਰਮ ਦੇ ਲੋਕਾਂ ਲਈ ਬੜੀ ਮਾਨਤਾ ਵਾਲਾ ਹੈ। ਪਰੰਤੂ, ਕਿਸੇ ਦੇ ਘਰ ਤਾਂਬੇ ਦੇ ਪੈਸੇ ਮੰਗਣ ਆਏ ਮੰਗਤੇ ਡਕਾਉਂਤ ਦੀ ਤੇਲ ਵਾਲੀ ਬਾਟੀ ਵਿੱਚ ਪਾ ਕੇ ਵਿਸ਼ਵਾਸ ਕੀਤਾ ਜਾਂਦਾ ਹੈ ਹੁਣ ਸ਼ਨਿੱਚਰ ਲਹਿ ਗਿਆ ਹੈ।’’

- ,,,,ਸ਼ਨਿਚਰਵਾਰ ਜਨਮ ਲੈਣ ਵਾਲੇ ਬੱਚੇ ਬਾਰੇ ਲੋਕ ਵਿਸ਼ਵਾਸ ਹੈ ਕਿ ਉਹ ਵਧੇਰੇ ਬੀਮਾਰ ਰਹਿੰਦਾ ਹੈ। ਜੇਕਰ ਸ਼ਨਿਚਰ ਨੂੰ ਵਿਧੀਵਤ ਤਰੀਕੇ ਨਾਲ ਪੂਜਿਆ ਜਾਵੇ, ਉਸ ਦੀ ਮੂਰਤੀ ਅੱਗੇ ਤੇਲ ਪਾਇਆ ਜਾਵੇ ਤੇ ਤਾਂਬੇ ਦਾ ਪੈਸਾ ਦਾਨ ਕੀਤਾ ਜਾਵੇ ਤਾਂ ਲੋਕ ਵਿਸ਼ਵਾਸ ਹੈ ਕਿ ਸ਼ਨਿਚਰ ਗ੍ਰਹਿ ਦਾ ਮੰਦ ਪ੍ਰਭਾਵ ਦੂਰ ਹੋ ਜਾਂਦਾ ਹੈ।’’

- ਲੋਹੜੀ ਤੋਂ ਦੂਜਾ ਦਿਨ „ਬਾਹੀ' ਤੇ ਤੀਜਾ ਦਿਨ „ਤਾਹੀ" ਕਿਹਾ ਜਾਂਦਾ ਹੈ ਇਨ੍ਹਾਂ ਬਾਰੇ ਵਿਸ਼ਵਾਸ ਹੈ ਕਿ ਇਨ੍ਹਾਂ ਦਿਨਾਂ 'ਚ ਰਿਸ਼ਤੇਦਾਰ ਦੇ ਘਰ ਨਹੀਂ ਜਾਣਾ ਚਾਹੀਦਾ। ਜੇਕਰ ਇਸ ਦਿਨ ਕਿਸੇ ਦੇ ਘਰ ਜਾਈਏ ਤਾਂ ਅਗਲੇ ਦੇ ਸਾਰਾ ਸਾਲ ਹੀ ਪ੍ਰਹੁਣੇ ਆਉਂਦੇ ਰਹਿੰਦੇ ਹਨ। ਇਸ ਤੋਂ ਇਲਾਵਾ ਵਿਆਹ-ਸ਼ਾਦੀ ਜਿਹੇ ਸਮਾਗਮ ਵੀ ਬਾਹੀਆਂ ਤੇ ਤਾਹੀਆਂ ਵਿੱਚ ਨਹੀਂ ਰਖੇ ਜਾਂਦੇ। ਵਿਸ਼ਵਾਸ ਹੈ ਕਿ ਰਿਸ਼ਤਾ ਸਿਰੇ ਨਹੀਂ ਚੜ੍ਹਦਾ।

# ਜਾਨਵਰਾਂ (ਡੰਗਰਾਂ) ਬਾਰੇ ਵਿਸ਼ਵਾਸ

- ਡੰਗਰਾਂ ਸੰਬੰਧੀ ਪੰਜਾਬ ਦੇ ਪਿੰਡਾਂ ਵਿੱਚ ਬਹੁਤ ਵਿਸ਼ਵਾਸ ਪ੍ਰਚਲਿੱਤ ਸਨ ਅਤੇ ਹੁਣ ਵੀ ਜਾਰੀ ਹਨ। ,,,,ਡੰਗਰਾਂ ਵਿੱਚ ਕਾਲੇ ਰੰਗ ਦੀ ,,ਕਪਲਾ' ਗਾਂ ਘਰ ਵਿੱਚ ਰੱਖਣੀ ਚੰਗੀ ਨਹੀਂ ਮੰਨੀ ਜਾਂਦੀ। ਵਿਸ਼ਵਾਸ ਬਣਿਆ ਹੈ ਕਿ ਇਸ ਨੂੰ ਬ੍ਰਾਹਮਣਾਂ ਨੂੰ ਪੂੰਨ ਕਰ ਦੇਣੀ ਚਾਹੀਦੀ ਹੈ। ਭਾਦੋਂ ਦੇ ਮਹੀਨੇ ਵਿੱਚ ਸੂਈ ਗਾਂ, ਹਾਨੀਕਾਰਕ ਮੰਨੀ ਜਾਂਦੀ ਹੈ। ਵਹਿਮ ਬਣਿਆ ਹੈ ਕਿ ਇਸ ਦਾ ਗ੍ਰਹਿ ਕਿਸ ਜੀਅ ਉੱਪਰ ਨਾ ਪੈ ਜਾਵੇ। ਇਸ ਲਈ ਇਸ ਨੂੰ ਬ੍ਰਾਹਮਣ ਨੂੰ ਪੂੰਨ ਕਰਨਾ ਹੀ ਚੰਗਾ ਸਮਝਿਆ ਜਾਂਦਾ ਹੈ।''

- ,,,,ਪੰਜ ਕਲਿਆਣੀ ਮੱਝ (ਮਹਿੰ) ਜਿਸ ਦੇ ਚਾਰੇ ਖੁਰ ਚਿੱਟੇ ਤੇ ਮੱਥੇ ਉੱਤੇ ਚਟਾਕ ਹੋਵੇ, ਭਾਗਾਂ ਵਾਲੀ ਸਮਝੀ ਜਾਂਦੀ ਹੈ। ਜੇ ਕਾਲੇ ਰੰਗ ਦੀ ਮੱਝ ਦੀ ਪੂਛ ਦਾ ਚੌਰ ਵੀ ਕਾਲਾ ਹੋਵੇ, ਤਾਂ ਮੰਨਿਆ ਜਾਂਦਾ ਹੈ ਕਿ ਉਸ ਘਰ ਵਿੱਚ ਵਾਧਾ ਨਹੀਂ ਹੁਦੰਾ। ਜੇਕਰ ਘੋੜੀ ਦ`ੇ ਮੱਥ`ੇ ਉੱਤੇ ਚਿੱਟਾ ਚਟਾਕ ਹੋਵੇ ਤਾਂ  ਮਾੜਾ ਸਮਝਿਆ ਜਾਂਦਾ ਸੀ। ’’

- ਲਵੇਰਾ ਪਸ਼ੂ ਖਰੀਦਣ ਵੇਲੇ ਭਰੀ ਥਣੀ ਘਰੇ ਲਿਆਉਣਾ ਲਾਭਕਾਰੀ ਸਮਝਿਆ ਜਾਂਦਾ ਹੈ। ਨਵੇਂ ਲਿਆਂਦੇ ਪਸ਼ੂ ਨੂੰ ਸਭ ਤੋਂ ਪਹਿਲਾਂ ਕਾਂਸੀ ਦੇ ਭਾਂਡੇ-ਛੰਨੇ ਜਾਂ ਥਲੀ ਵਿੱਚ ਚਾਂਦੀ ਦਾ ਕੋਈ ਗਹਿਣਾ ਪਾ ਕੇ ਸੁੰਘਾਇਆ ਜਾਵੇ, ਨਾਲ ਹੀ ਪਸ਼ੂ ਦੇ ਅੱਗੇ ਛੋਲੇ, ਬੜੇਵੇਂ, ਗੁੜ ਰੱਖ ਦਿੱਤੇ ਜਾਂਦੇ ਹਨ। ਪਹਿਲਾਂ ਛੋਲੇ ਪਾਉਣੇ ਚੰਗੇ ਮੰਨੇ ਜਾਂਦੇ ਸਨ।

# ਜਾਦੂ ਟੂਣਾ

- ,,,,ਕਰਾਮਾਤੀ ਢੰਗ ਨਾਲ ਮੰਤਵ ਸਿੱਧ ਕਰਨ ਦੀ ਵਿਧੀ ਜਾਦੂ ਕਹਾਉਂਦੀ ਹੈ। ਜਾਦੂ ਅਨੇਕਾਂ ਕਿਸਮਾਂ ਦਾ ਹੁੰਦਾ ਹੈ। ਸੜਕਾਂ, ਬਾਜ਼ਾਰਾਂ ਅਤੇ ਪਿੰਡ ਦੇ ਗਲੀ-ਚੌਰਸਤਿਆਂ ਵਿੱਚ ਮਦਾਰੀ ਲੋਕਾਂ ਵੱਲੋਂ ਲੋਹੇ ਦੇ ਗੋਲੇ ਮੂੰਹ ਵਿਚੋਂ ਕਢੱਣਾ, ਲਟੇ ਬੱਚੇ ਦੀ ਗਰਦਣ ਕਟੱ ਕੇ ਸਾਬਤ ਕਰ ਦੇਣਾ, ਕਬੂਤਰਾਂ ਦਾ ਜੋੜਾ ਕੱਢ ਲਣੈਾ, ਰੇਤੇ ਦੀ ਮੁੱਠੀ ਵਿਚੋਂ ਰੁਪਿਆ ਬਣਾ ਦੇਣਾ, ਆਦਿ ਜਾਦੂ ਦੇ ਖਲੇ ਕਹਾਉਂਦੇ ਹਨ।

# ਹਥੌਲਾ

- ਹਥੌਲਾ ਕਰਨ ਦੀ ਪ੍ਰੰਪਰਾ ਜ਼ਿਆਦਾਤਰ ਪੇਂਡੂ ਖੇਤਰ ਵਿੱਚ ਮਿਲਦੀ ਹੈ। ਇਹ ਹਥੌਲਾ ਡੇਰੇ ਦੇ ਸਾਧ ਜਾਂ ਜੋਗੀ ਦੁਬਾਰਾ ਕੀਤਾ ਜਾਂਦਾ ਹੈ। ਕਿਸੇ ਵੀ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਪੰਜਾਬ ਦੇ ਲੋਕ ਪਹਿਲਾਂ ਹਥੌਲਾ ਪਵਾਉਂਦੇ ਰਹੇ ਹਨ, ਜੋ ਅੱਜ ਵੀ ਬਹੁਤ ਪਿੰਡਾਂ ਵਿੱਚ ਜਾਰੀ ਹੈ। ਇਹ ਹਥੌਲਾ ਚਿਮਟਾ, ਦਾਤਰ, ਮੋਰ ਦੇ ਖੰਭ, ਮਰੀਜ਼ ਦੇ ਸਿਰ ਛੁਹਾ ਕੇ ਧਰਤੀ ਤੇ ਮਾਰੇ ਜਾਂਦੇ ਹਨ, ਨਾਲ ਹੀ ਨਾਲ ਮੂੰਹ ਵਿੱਚ ਮੰਤਰ ਉਚਾਰਿਆ ਜਾਂਦਾ ਹੈ। ਜਦੋਂ ਕਿਸੇ ਦੇ ਫੋੜੇ ਆਦਿ ਨਿਕਲੇ ਹੋਣ ਤਾਂ ਚਿਮਟਾ, ਦਾਤੀ ਜਾਂ ਮੋਰ ਦੇ ਖੰਭਾਂ ਦੀ ਵਰਤੋਂ ਨਹੀ ਕੀਤੀ ਜਾਂਦੀ ਸਗੋਂ ਸੁਆਹ ਦੀਆਂ ਛੋਟੀਆਂ ਛੋਟੀਆਂ ਚੁਟਕੀਆਂ ਮੰਤਰ ਦੇ ਕੇ ਫੋੜਿਆ ਤੇ ਸੁੱਟੀਆਂ ਜਾਂਦੀਆਂ ਹਨ। ਇਸ ਨੂੰ „ਫੋੜਾ ਝਾੜਨਾ' ਕਹਿੰਦੇ ਹਨ। ਇਹ ਗੱਲ ਸੁਨਣ ਅਨੁਸਾਰ ਕਿ ਜੇਕਰ ਕਿਸੇ ਨੇ ਹਥੌਲਾ ਪਾਉਣਾ ਸਿੱਖਣਾ ਹੋਵੇ ਤਾਂ ਗ੍ਰਹਿਣ ਵਾਲੇ ਦਿਨ ਪਾਣੀ ਵਿੱਚ ਖੜ੍ਹ ਕੇ ਵਾਰ ਵਾਰ ਉਹੀ ਮੰਤ੍ਰਰ ਪੜ੍ਹਨਾ ਚਾਹੀਦਾ ਹੈ, ਜਿਸ ਬਿਮਾਰੀ ਦਾ ਹਥੌਲਾ ਸਿੱਖਣਾ ਹੋਵੇ। ਇਸ ਤਰਾਂ ਹਥੌਲਾ ਫੁਰਨ ਲਗ ਜਾਂਦਾ ਹੈ। ਕਿਸ ਵੀ ਬਿਮਾਰੀ ਲਈ ਤਿੰਨ ਹਥੌਲੇ ਪਾਏ ਜਾਂਦੇ ਹਨ, ਨਾਲ ਹੀ ਇਹ ਕਿਹਾ ਜਾਂਦਾ ਹੈ ਕਿ ਜਿਸਨੇ ਹਥੌਲਾ ਪਵਾਇਆ ਹੈ ਉਹ ਕਾਲੇ ਕੁੱਤੇ ਨੂੰ ਰੋਟੀ ਪਾਵੇ। ਇਸ ਨਾਲ ਹਥੌਲਾ ਦਾ ਅਸਰ ਹੁੰਦਾ ਹੈ।

# ਬਿਮਾਰੀਆਂ ਸੰਬੰਧੀ ਵਿਸ਼ਵਾਸ

,,,,ਪੀਲੀਏ ਦੀ ਬੀਮਾਰੀ ਤੋਂ ਬਚਣ ਲਈ ਪੀਲੇ ਫੁੱਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।’’ਗੁੱਟ ਪੀੜ ਜਿਸ ਨੂੰ ਲੋਕ ਭਾਸ਼ਾ ਵਿੱਚ ,,ਕਾਨਾ ਪੈਣਾ’ ਵੀ ਕਹਿੰਦੇ ਹਨ, ਦੇ ਇਲਾਜ ਲਈ ਇਹ ਕਿਹਾ ਜਾਂਦਾ ਹੈ ਕਿ ਜੇਕਰ ਉਹ ਲੜਕੀ ਕਾਲਾ ਧਾਗਾ ਬੰਨ੍ਹੇ, ਜਿਸਦੇ ਨਾਨਾ-ਨਾਨੀ, ਦਾਦਾ-ਦਾਦੀ ਜਿਉਂਦੇ ਹਨ ਤਾਂ ਇਹ ਦੁੱਖ ਦੂਰ ਹੋ ਜਾਂਦਾ ਹੈ, ਧਾਗਾ ਬੰਨ੍ਹਣ ਵੇਲੇ ਇਹ ਕਿਹਾ ਜਾਂਦਾ ਹੈ-

,,,,ਟੁੱਟੇ ਤੇਰਾ ਕਾਨਾ-ਕਾਨੀ’’

ਜਿਸ ਦੇ ਧਾਗਾ ਬੰਨ੍ਹਿਆ ਜਾਂਦਾ ਹੈ ਉਸ ਦੁਆਰਾ ਕਿਹਾ ਜਾਂਦਾਹੈ।

,,,,ਜੀਵੇ ਮੇਰਾ ਨਾਨਾ ਨਾਨੀ।’’

- ਜਦੋਂ ਆਦਿਮ ਮਨੁੱਖ ਪ੍ਰਕਿਰਤੀ ਦੇ ਨਿਯਮਾਂ ਨੂੰ ਸਮਝਣ ਤੋਂ ਅਸਮਰਥ ਹੁੰਦਾ ਸੀ ਤਾਂ ਮਨੁਖੱ ਅੰਦਰ ਬਹੁਤ ਡਰ ਹੁੰਦਾ ਸੀ। ਇਸ ਡਰ ਕਾਰਨ ਉਹ ਕੁਦਰਤੀ ਕਰੋਪੀਆਂ ਤੋਂ ਬਚਣ ਲਈ ਅਨੇਕਾਂ ਰੀਤਾਂ ਤੇ ਵਹਿਮਾਂ ਨੇ ਜਨਮ ਲਿਆ।